ਨੰ:4 ਐਮ ਈ 2-ਪੰ:-2018/ 20745-54 ਮਿਤੀ, ਐਸ ਏ ਐਸ ਨਗਰ:- 30-11-2018
ਵੱਲੋਂ,

ਡਾਇਰੈਕਟਰ ,ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ,
ਮੈਡੀਕਲ ਸਿਖਿਆ ਭਵਨ, ਪਹਿਲੀ ਮਜ਼ਿੰਲ, ਸੈਕਟਰ 69, ਐਸ ਏ ਐਸ ਨਗਰ।

ਸੇਵਾ ਵਿਖੇ,

1) ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ, ਚੰਡੀਗੜ੍ਹ।
2) ਡਾਇਰੈਕਟਰ, ਸਿਹਤ ਸੇਵਾਵਾਂ (ਪਰਿਵਾਰ ਭਲਾਈ), ਪੰਜਾਬ, ਚੰਡੀਗੜ੍ਹ।
3) ਡਾਇਰੈਕਟਰ, ਸਿਹਤ ਸੇਵਾਵਾਂ (ਸ.ਬ.), ਪੰਜਾਬ, ਚੰਡੀਗੜ੍ਹ।
4) ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ/ਅੰਮ੍ਰਿਤਸਰ/ਫਰੀਦਕੋਟ।
5) ਪ੍ਰਿੰਸੀਪਲ, ਸਰਕਾਰੀ ਕਾਲਜ ਆਫ ਨਰਸਿੰਗ, ਪਟਿਆਲਾ/ ਅੰਮ੍ਰਿਤਸਰ।
6) ਪੰਜਾਬ ਰਾਜ ਦੇ ਸਾਰੇ ਸਕੂਲ ਆਫ ਨਰਸਿੰਗ ਦੇ ਪ੍ਰਿੰਸੀਪਲਾਂ ਨੂੰ।
7) ਪੰਜਾਬ ਰਾਜ ਦੇ ਸਿਵਲ ਸਰਜਨਾਂ ਨੂੰ।
8) ਇਸ ਦਫਤਰ ਦੇ ਅਧੀਨ ਕੰਮ ਕਰਦੀਆਂ ਸੰਸਥਾਵਾਂ ਦੇ ਮੁੱਖੀਆਂ ਨੂੰ।
9) ਪ੍ਰਿੰਸੀਪਲ, ਮੈਡੀਕਲ ਅਫਸਰ ਨੰਗਲ/ਤਲਵਾੜਾ/ਸੁੰਦਰ ਨਗਰ ਅਤੇ ਚੰਡੀਗੜ੍ਹ।
10) ਕੈਮੀਕਲ ਐਗਜਾਮੀਨਰ, ਪੰਜਾਬ, ਪਟਿਆਲਾ।
11) ਮੈਡੀਕਲ ਸੁਪਰਡੰਟ, ਈ.ਐਸ.ਆਈ. ਹਸਪਤਾਲ, ਅੰਮ੍ਰਿਤਸਰ/ਜਲੰਧਰ/ਲੁਧਿਆਣਾ/ ਮਾਤਾ ਕੁਸੱਲਿਆ ਹਸਪਤਾਲ, ਪਟਿਆਲਾ।
12) ਪ੍ਰਿੰਸੀਪਲ, ਫੈਮਿਲੀ ਪਲਾਨਿੰਗ ਸੈਂਟਰ, ਖਰੜ।
13) ਸਾਰੇ ਸੀਨੀਅਰ ਮੈਡੀਕਲ ਅਫਸਰ ਆਫ ਸਟੇਟ ਆਫ ਪੰਜਾਬ।
14) ਮੈਡੀਕਲ ਸੁਪਰਡੰਟ, ਰਾਜਿੰਦਰਾ ਹਸਪਤਾਲ, ਪਟਿਆਲਾ/ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ, ਅੰਮ੍ਰਿਤਸਰ/ਜੀ.ਜੀ.ਐਸ.ਹਸਪਤਾਲ, ਫਰੀਦਕੋਟ।
15) ਡਿਪਟੀ ਮੈਡੀਕਲ ਸੁਪਰਡੰਟ, ਟੀ.ਬੀ.ਹਸਪਤਾਲ, ਪਟਿਆਲਾ/ ਟੀ.ਬੀ.ਸੈਨਾਟੋਰੀਅਮ, ਅੰਮ੍ਰਿਤਸਰ।

**ਵਿਸ਼ਾ:-** **ਸਰਕਾਰੀ ਕਾਲਜ ਆਫ ਨਰਸਿੰਗ, ਪਟਿਆਲਾ ਅਤੇ ਅੰਮ੍ਰਿਤਸਰ ਵਿਖੇ ਟਿਊਟਰ ਦੀ ਅਸਾਮੀਆਂ ਨੂੰ ਤਰੱਕੀ ਰਾਹੀਂ ਭਰਨ ਬਾਰੇ।**

ਉਪਰੋਕਤ ਵਿਸ਼ੇ ਤੇ ਸੂਚਿਤ ਕੀਤਾ ਜਾਂਦਾ ਹੈ ਕਿ ਸਰਕਾਰੀ ਕਾਲਜ ਆਫ ਨਰਸਿੰਗ, ਪਟਿਆਲਾ ਅਤੇ ਅੰਮ੍ਰਿਤਸਰ ਵਿਖੇ ਟਿਊਟਰ ਦੀਆਂ ਹੇਠ ਲਿਖੀਆਂ ਖਾਲੀ ਆਸਾਮੀਆਂ 10300-34800 ਜਮਾਂ 4800 ਰੁਪੈ ਵਿੱਚ ਤਰੱਕੀ ਰਾਹੀਂ ਪੰਜਾਬ ਨਰਸਿੰਗ ਐਜੂਕੇਸ਼ਨ (ਗਰੁੱਪ ਬੀ) ਰੂਲਜ, 2016 ਦੇ ਉਪਬੰਧਾਂ ਤਹਿਤ ਭਰਨ ਯੋਗ ਬਿਨੈਕਾਰਾਂ ਪਾਸੋਂ ਅਰਜੀਆਂ ਮੰਗੀਆਂ ਜਾਂਦੀਆਂ ਹਨ:-

| ਲੜੀ ਨੰ: | ਸਪੈਸਲਿਟੀ ਦਾ ਨਾਂ | ਖਾਲੀ ਆਸਾਮੀਆਂ |
|---|---|---|
| 1) | ਆਬਸਟ ਅਤੇ ਗਾਇਨੀ | 1 (ਐਸ ਸੀ) |
| 2) | ਬੱਚਾ ਨਰਸਿੰਗ | 1 (ਜਨਰਲ) |
| 3) | ਸਾਇਕੈਟਰੀ ਨਰਸਿੰਗ | 2 (ਜਨਰਲ) |

ਇਹਨਾਂ ਆਸਾਮੀਆਂ ਨੂੰ ਤਰੱਕੀ ਰਾਹੀਂ ਭਰਨ ਲਈ ਪੰਜਾਬ ਨਰਸਿੰਗ ਐਜੂਕੇਸ਼ਨ (ਗਰੁੱਪ ਬੀ) ਸਰਵਿਸ ਰੂਲਜ, 2016 ਵਿੱਚ ਹੇਠ ਲਿਖੇ ਅਨੁਸਾਰ ਉਪਬੰਧ ਹੈ।

| ਪੰਜਾਬ ਨਰਸਿੰਗ ਐਜੂਕੇਸ਼ਨ (ਗਰੁੱਪ ਬੀ) ਸਰਵਿਸ ਰੂਲਜ, 2016 ਵਿੱਚ ਤਰੱਕੀ ਲਈ ਉਪਬੰਧ |
|---|
| From amongst the Staff Nurses, Public Health Nurses, Nursing Sisters and Sister Tutors working on regular basis under the Control of the Director. Health and Family Welfare, Punjab or the Director, Research and Medical Education, Punjab who have done M.sc (Nursing) in the concerned specialty. Preference shall be given to those candidates who |

have one year of teaching experience in Nursing Education.

ਇਹ ਤਰੱਕੀ ਕੋਟੇ ਦੀਆਂ ਆਸਾਮੀਆਂ ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਅਤੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਅਧੀਨ ਕੰਮ ਕਰ ਰਹੇ ਨਰਸਿੰਗ ਅਮਲੇ ਵਿੱਚੋਂ ਪੰਜਾਬ ਨਰਸਿੰਗ ਐਜੂਕੇਸਨ (ਗਰੁੱਪ ਬੀ) ਸਰਵਿਸ ਰੂਲਜ਼ 2016 ਰੂਲਾਂ ਦੇ ਆਧਾਰ ਤੇ ਤਰੱਕੀ ਰਾਹੀਂ ਭਰੀਆਂ ਜਾਣੀਆਂ ਹਨ, ਇਹਨਾਂ ਰੂਲਾਂ ਦੀ ਕਾਪੀ ਵਿਭਾਗ ਦੀ ਵੈਬ-ਸਾਇਟ www.punjabmedicaleducation.org ਤੇ ਉਪਲਬਧ ਹੈ।।

ਆਪ ਜੀ ਦੇ ਅਧੀਨ ਕੰਮ ਕਰਦੇ ਸਾਰੇ ਨਰਸਿੰਗ ਸਟਾਫ ਨੂੰ ਸੂਚਿਤ ਕਰਨ ਦੀ ਖੇਚਲ ਕੀਤੀ ਜਾਵੇ। ਜਿਹੜੇ ਕਰਮਚਾਰੀ ਇਸ ਆਸਾਮੀ ਲਈ ਅਪਲਾਈ ਕਰਨਾ ਚਾਹੁੰਦੇ ਹਨ ਉਹ ਨਾਲ ਨੱਥੀ ਪ੍ਰੋਫਾਰਮੇ, ਅਨੁਲੱਗ ੳ, ਤੇ ਸਾਫ ਸੁਥਰੀ ਲਿਖਤ ਵਿਚ ਆਪਣੀ ਸੰਸਥਾ ਦੇ ਮੁਖੀ ਰਾਹੀਂ ਭੇਜਣ ਦੀ ਖੇਚਲਾ ਕੀਤੀ ਜਾਵੇ। ਉਕਤ ਆਸਾਮੀਆਂ ਲਈ ਅਰਜੀਆਂ ਦੀ ਆਖਰੀ ਮਿਤੀ 27.12..2018 ਹੈ ਅਤੇ ਇਹ ਅਰਜੀਆਂ ਯੋਗ ਪ੍ਰਣਾਲੀ ਰਾਹੀਂ ਭੇਜ ਦਿੱਤੀਆਂ ਜਾਣ ਅਤੇ ਇੱਕ ਅਗੇਤੀ ਕਾਪੀ ਇਸ ਦਫਤਰ ਨੂੰ ਭੇਜ ਦਿੱਤੀ ਜਾਵੇ ਜੀ। ਜਿਹੜੀਆਂ ਅਰਜੀਆਂ ਨਿਸਚਿਤ ਮਿਤੀ ਤੋਂ ਬਾਅਦ ਇਸ ਦਫਤਰ ਵਿੱਚ ਪ੍ਰਾਪਤ ਹੋਣਗੀਆਂ, ਉਨ੍ਹਾਂ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ। ਬਿਨੈਕਾਰਾਂ ਦੀ ਵਿੱਦਿਅਕ ਯੋਗਤਾ ਅਤੇ ਪੜ੍ਹਾਈ/ਤਜਰਬਾ ਅਰਜੀਆਂ ਮੰਗਣ ਦੀ ਆਖਰੀ ਮਿਤੀ ਤੱਕ ਹੀ ਗਿਣਿਆ ਜਾਵੇਗਾ।

ਆਪ ਜੀ ਨੂੰ ਲਿਖਿਆਂ ਜਾਂਦਾ ਹੈ ਕਿ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਇਹ ਪੱਤਰ ਆਪ ਜੀ ਦੇ ਅਧੀਨ ਕੰਮ ਕਰ ਰਹੇ ਸਾਰੇ ਨਰਸਿੰਗ ਸਟਾਫ ਦੇ ਧਿਆਨ ਵਿੱਚ ਲਿਆ ਦਿੱਤਾ ਗਿਆ ਹੈ, ਜਿਹੜੀਆਂ ਅਰਜੀਆਂ ਇਸ ਪੱਤਰ ਦੇ ਸਬੰਧ ਵਿੱਚ ਅਪਾ ਜੀ ਨੂੰ ਪ੍ਰਾਪਤ ਹੋਣਗੀਆਂ, ਉਹ ਤੁਰੰਤ ਏ.ਸੀ.ਆਰ ਦੇ ਰਿਕਾਰਡ ਸਹਿਤ ਇਸ ਦਫਤਰ ਨੂੰ ਭੇਜ ਦਿੱਤੀਆਂ ਜਾਣ ਤਾਂ ਜੋ ਸਬੰਧਤ ਕਰਮਚਾਰਨਾਂ ਦੀਆਂ ਅਰਜੀਆਂ ਮਿਥੀ ਮਿਤੀ ਨੂੰ ਇਸ ਦਫਤਰ ਵਿਖੇ ਪੁੱਜ ਜਾਣ। ਅਧੂਰੀਆਂ ਅਰਜੀਆਂ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ ਅਤੇ ਬਾਅਦ ਵਿੱਚ ਇਸ ਵਿਰੁੱਧ ਕੋਈ ਦਲੀਲ ਨਹੀਂ ਸੁਣੀ ਜਾਵੇਗੀ। ਅਰਜੀਆਂ ਨਾਲ ਯੋਗਤਾ/ਤਜਰਬੇ ਬਾਰੇ ਸਰਟੀਫਿਕੇਟ ਦੀਆਂ ਕਾਪੀਆਂ (2 ਪੜ੍ਹਤਾਂ ਵਿੱਚ) ਤਸਦੀਕਸੁਦਾ ਹੋਣ।

ਇਹ ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਦੀਆਂ ਆਸਾਮੀਆਂ ਹਨ, ਇਹਨਾਂ ਆਸਾਮੀਆਂ ਤੇ ਤਰੱਕੀ ਰਾਹੀਂ ਨਿਯੁਕਤੀ ਤੋਂ ਬਾਅਦ ਕਰਮਚਾਰਨਾਂ ਦੀਆਂ ਸੇਵਾਵਾਂ ਪੰਜਾਬ ਨਰਸਿੰਗ ਐਜੂਕੇਸਨ ਸਰਵਿਸ (ਗਰੁੱਪ ਬੀ) ਕਾਡਰ ਤਹਿਤ ਹੀ ਵਿਚਾਰਿਆ ਜਾਣਗੀਆਂ ਅਤੇ ਇਹਨਾਂ ਦੀ ਸੀਨੀਅਰਤਾਂ ਇਸ ਵਿਭਾਗ ਅਧੀਨ ਹਾਜਰ ਹੋਣ ਦੀ ਮਿਤੀ ਤੋਂ ਗਿਣੀ ਜਾਵੇਗੀ।

ਉਕਤ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

[signature] 2/12/18

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ।

ਪਿੱਠ ਅੰਕਣ ਨੰ:4ਐਮਈ2-ਪੰ:-2018/ 20755 ਮਿਤੀ, ਚੰਡੀਗੜ੍ਹ:- 30-11-18

ਉਤਾਰਾ ਵਧੀਕ ਮੁੱਖ ਸਕੱਤਰ ਪੰਜਾਬ ਸਰਕਾਰ, ਡਾਕਟਰੀ ਸਿੱਖਿਆ ਅਤੇ ਖੋਜ ਵਿਭਾਗ (ਸਿਹਤ-3 ਸਾਖਾ), ਚੰਡੀਗੜ੍ਹ ਨੂੰ ਸੂਚਨਾਂ ਅਤੇ ਅਗਲੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ।

[signature] 2/12/18

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ।

## ਅਨੁਲੱਗ-ੳ

## ਟਿਊਟਰ ਦੀ ਆਸਾਮੀ ਲਈ ਅਰਜੀ ਦਾ ਫਾਰਮ

| | | |
|---|---|---|
| 1) | ਸਪੈਸਲਿਟੀ ਦਾ ਨਾਂ ਜਿਸ ਵਿੱਚ ਅਪਲਾਈ ਕਰਨਾ ਹੈ: | |
| 2) | ਬਿਨੈਕਾਰ ਦਾ ਨਾਂ, ਅਹੁਦਾ, ਤੈਨਾਤੀ: | |
| 3) | ਜਨਮ ਮਿਤੀ | |
| 4) | ਕੈਟਾਗਿਰੀ (ਜਨਰਲ/ਅਨੁਸੂਚਿਤ ਜਾਤੀ/ਪਛੜੀ ਸ੍ਰੇਣੀ/ਹੋਰ): | |

| | | | | |
|---|---|---|---|---|
| 5) | ਨਿਯੁਕਤੀ ਦੀ ਮਿਤੀ: | ਤਦ-ਅਰਥ ਆਧਾਰ ਤੇ | ਰੈਗੂਲਰ ਆਧਾਰ | ਸੰਸਥਾ ਦਾ ਨਾ |
| | (ੳ) ਬਤੌਰ ਸਟਾਫ ਨਰਸ | ਮਿਤੀ----ਤੋਂ ---- ਮਿਤੀ ਤੱਕ | ਮਿਤੀ----ਤੋਂ ----ਮਿਤੀ ਤੱਕ | |
| | (ਅ) ਪੀ.ਐਚ.ਐਨ (ਟੀ) | ਮਿਤੀ----ਤੋਂ ---- ਮਿਤੀ ਤੱਕ | ਮਿਤੀ----ਤੋਂ ----ਮਿਤੀ ਤੱਕ | |
| | (ੲ) ਸਿਸਟਰ ਟਿਊਟਰ/ਟਿਊਟਰ | ਮਿਤੀ----ਤੋਂ ---- ਮਿਤੀ ਤੱਕ | ਮਿਤੀ----ਤੋਂ ----ਮਿਤੀ ਤੱਕ | |
| 6) | ਸੇਵਾ ਦੌਰਾਨ ਬਿਨਾਂ ਤਨਖਾਹ ਤੋਂ ਛੁੱਟੀ ਦੇ ਵੇਰਵੇ | ਮਿਤੀ----ਤੋਂ ---- ਮਿਤੀ ਤੱਕ | ਮਿਤੀ----ਤੋਂ ----ਮਿਤੀ ਤੱਕ | |

| | | | | |
|---|---|---|---|---|
| 7) | ਐਮ.ਐਸ.ਸੀ.(ਨਰਸਿੰਗ) ਦਾ ਵੇਰਵਾ | ਪਾਸ ਕਰਨ ਦਾ ਸਮਾਂ | ਸੰਸਥਾਂ ਦਾ ਨਾ | ਸਪੈਸਲਿਟੀ ਦਾ ਨਾਂ |
| | | | | |

| | | | |
|---|---|---|---|
| 8) | ਕੀ ਬਿਨੈਕਾਰ ਵਿਰੁੱਧ ਕੋਈ ਵਿਭਾਗੀ ਪੜਤਾਲ, ਚੌਕਸੀ ਪੜਤਾਲ, ਜਾਂ ਦੋਸ ਸੂਚੀ ਤਾਂ ਪੈਡਿੰਗ ਨਹੀਂ ਹੈ, ਜੇਕਰ ਹਾਂ ਤਾ ਉਸਦੇ ਵੇਰਵੇ | | |
| 9) | ਕੀ ਪਰਖਕਾਲ ਸਮਾਂ ਪਾਰ ਹੋ ਚੁੱਕਾ ਹੈ? | ਹਾਂ/ਨਹੀਂ | ਕਾਪੀ ਨਾਲ ਨੱਥੀ ਕੀਤੀ ਜਾਵੇ। |

10) ਐਮ ਐਸ ਸੀ ਕਰਨ ਤੋਂ ਬਾਅਦ ਸੇਵਾ ਦਾ ਵੇਰਵਾ (ਸਹੀ ਮਿਤੀਆਂ ਸਹਿਤ):-
(ਹਰ ਸਥਾਨ ਤੇ ਕੀਤੀ ਗਈ ਨੌਕਰੀ ਦਾ ਮੁਕੰਮਲ ਵੇਰਵਾ)

| ਲੜੀ ਨੰ: | ਸੰਸਥਾ ਦਾ ਨਾਂ | ਅਹੁਦਾ | ਕਲੀਨੀਕਲ ਤਜਰਬਾ | | ਟੀਚਿੰਗ ਤਜਰਬਾ | |
|---|---|---|---|---|---|---|
| | | | ਮਿਤੀ ਤੋਂ | ਮਿਤੀ ਤੱਕ | ਮਿਤੀ ਤੋਂ | ਮਿਤੀ ਤੱਕ |
| | | | | | | |

11) ਵਿਦਿਅਕ ਯੋਗਤਾ ਦੇ ਵੇਰਵੇ:-

| ਲੜੀ ਨੰ: | ਪੜਾਈ ਦੇ ਵੇਰਵੇ | ਪਾਸ ਕਰਨ ਦਾ ਸਾਲ | ਕੁਲ ਅੰਕ/ਪ੍ਰਾਪਤ ਅੰਕ | ਕਿਸ ਸੰਸਥਾ/ਯੂਨੀਵਰਸਿਟੀ ਤੋਂ ਪਾਸ ਕੀਤੀ ਹੈ |
|---|---|---|---|---|
| 1) | ਦਸਵੀ | | | |
| 2) | ਬੀ.ਐਸ.ਸੀ.ਨਰਸਿੰਗ | | | |
| 3) | ਐਮ.ਐਸ.ਸੀ.ਨਰਸਿੰਗ | | | |
| 4) | ਪੀ.ਐਚ.ਡੀ.ਨਰਸਿੰਗ | | | |

12. ਜਗ੍ਹਾ ਜਿਹੜੇ ਨਰਸਿੰਗ ਕਾਲਜ ਵਿੱਚ ਤੁਸੀਂ ਲੱਗਣਾ ਚਾਹੁੰਦੇ ਹੋ:- ਪਟਿਆਲਾ ਜਾਂ ਅੰਮ੍ਰਿਤਸਰ

1. .......................... 2. .......................... ( ਤਰਜੀਹ ਅਨੁਸਾਰ)।

13. ਮੈਂ ਤਸਦੀਕ ਕਰਦੀ ਹਾਂ ਕਿ ਮੇਰੇ ਵਲੋਂ ਭਰੇ ਗਏ ਉਕਤ ਵੇਰਵੇ ਸਹੀ ਹਨ ਅਤੇ ਜੇਕਰ ਕੋਈ ਵੇਰਵੇ ਬਾਅਦ ਵਿਚ ਗਲਤ ਪਾਏ ਜਾਂਦੇ ਤਾਂ ਮੇਰੇ ਵਿਰੁੱਧ ਅਨੁਸਾਸਨੀ ਕਾਰਵਾਈ ਆਰੰਭੀ ਜਾਵੇ।

14 ਮੈਂ ਇਹ ਵੀ ਤਸਦੀਕ ਕਰਦੀ ਹਾਂ ਕਿ ਮੈਂ ਤਰੱਕੀ ਰਾਹੀਂ ਚੁੱਣੇ ਜਾਣ ਤੇ ਕਾਲਜ ਆਫ ਨਰਸਿੰਗ, ਪਟਿਆਲਾ ਅਤੇ ਅਮ੍ਰਿਤਸਰ ਵਿਖੇ ਲਗਣਾ ਚਾਹੁੰਦੀ ਹਾਂ ਅਤੇ ਮੈਂ ਕਾਲਜ ਆਫ ਨਰਸਿੰਗ ਵਿਚ ਤਰੱਕੀ ਰਾਹੀਂ ਚੁਣੇ ਜਾਣ ਤੇ ਕਾਲਜ ਆਫ ਨਰਸਿੰਗ ਵਿਚ ਹਾਜਰ ਹੋਣ ਦੀ ਮਿਤੀ ਤੋਂ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਅਧੀਨ ਕੀਤੀ ਸੇਵਾ ਦੀ ਸੀਨੀਆਰਤਾ/ ਕਾਡਰ ਛੱਡਣ ਲਈ ਤਿਆਰ ਹਾਂ।

15. ਮੈਂ ਕਾਲਜ ਆਫ ਨਰਸਿੰਗ ਵਿਚ ਚੁਣੇ ਜਾਣ ਤੇ ਸਿਹਤ ਵਿਭਾਗ ਵਿਚ ਵਾਪਸ ਜਾਣ ਦੀ ਮੰਗ ਨਹੀਂ ਕਰਾਂਗੀ।

ਮਿਤੀ: ---------------

ਸਥਾਨ: --------------- ਉਮੀਦਵਾਰ ਦੇ ਹਸਤਾਖਰ

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਜਿਹੜੀ ਸੂਚਨਾਂ ਉੱਪਰ ਦੱਸੀ ਗਈ ਹੈ, ਉਹ ਕਰਮਚਾਰੀ ਦੀ ਸੇਵਾ ਰਿਕਾਰਡ ਮੁਤਾਬਿਕ ਹੈ ਅਤੇ ਬਿਲਕੁੱਲ ਠੀਕ ਹੈ। ਉਮੀਦਵਾਰ ਵਿਰੁੱਧ ਕੋਈ ਸ਼ਿਕਾਇਤ/ਇੰਨਕੁਆਰੀ ਨਹੀਂ ਚੱਲ ਰਹੀ ਅਤੇ ਇਨ੍ਹਾਂ ਦਾ ਕੰਮ-ਕਾਜ ਤਸੱਲੀਬਖਸ਼ ਹੈ। ਉਮੀਦਵਾਰ ਉਕਤ ਆਸਾਮੀ ਲਈ ਪੜ੍ਹਾਈ ਅਤੇ ਯੋਗਤਾਵਾਂ ਰੱਖਦਾ ਹੈ।

ਕੰਟਰੋਲਿੰਗ ਅਫਸਰ